# ਭਾ ਜੀ ਗੁਰਸ਼ਰਨ ਸਿੰਘ ਦੇ ਨਾਂ

*—ਸਵਰਨ ਰਸੂਲਪੁਰੀ, ਅਮਰਜੀਤ ਪ੍ਰਦੇਸੀ*

ਵਗਦੇ ਦਰਿਆਵਾਂ ਦੇ ਪਹਿਲਾਂ ਵਹਿਣ ਬਦਲ ਕੇ ਵੇਖੇ
ਜ਼ਿੰਦਗੀ ਨੂੰ ਬਦਲਣ ਲਈ ਜ਼ਿੰਦਗੀ ਲਾ ਦਿੱਤੀ ਫਿਰ ਲੇਖੇ
ਜਿਸ ਥਾਂ 'ਤੇ ਜਗਿਆ ਨਾ ਕੋਈ ਨਾ ਚੌਂਕ ਚੌਰਾਹਾ ਬਚਿਆ
ਪ੍ਰਣਾਮ ਹੈ ਪੈਰਾਂ ਨੂੰ, ਜਿਨ੍ਹਾਂ ਨੂੰ ਸਫ਼ਰ ਥਕਾ ਨਾ ਸਕਿਆ।

ਨਾਟਕ ਦੀ ਕੁੱਖ ਵਿਚੋਂ, ਕਿਰਤੀ ਨਵਾਂ ਜਨਮ ਸੀ ਲੈਂਦਾ
ਜਬਰ ਦੇ ਜ਼ੁਲਮਾਂ ਨਾ, ਦੁੱਲਾ ਭੱਟੀ ਬਣ ਕੇ ਖਹਿੰਦਾ
ਸੁੱਖ 'ਰਾਮ ਤੇ ਲਾਲਚ ਨਾ, ਜੀਹਦੇ ਮਿਹਦੇ ਵਿਚ ਨਾ ਪਚਿਆ
ਪ੍ਰਣਾਮ ਹੈ...

ਕਿਸੇ ਪਿੰਡ ਦੀ ਸੱਥ ਅੰਦਰ, ਰਾਤੀਂ ਅੱਠ ਜਦੋਂ ਸੀ ਵੱਜਦੇ
ਦੱਬੇ ਤੇ ਕੁਚਲਿਆਂ ਨੂੰ ਭਾ ਜੀ ਹੋਕਾ ਦੇ ਕੇ ਸੱਦਦੇ
ਫਿਰ ਚਾਲੂ ਹੋ ਜਾਂਦੀ, ਕੰਮੀਆਂ ਦੀ ਜ਼ਿੰਦਗੀ ਦੀ ਵਿਥਿਆ
ਪ੍ਰਣਾਮ ਹੈ...

ਬਿਖੜੇ ਵੇ ਪੈਂਡਿਆਂ 'ਤੇ ਤੁਰਿਆ ਸੀ ਉਹ ਹਿੱਕ ਨੂੰ ਤਣ ਕੇ
ਪਿੰਡਾਂ ਦੇ ਯਾਦ ਰਹੂ ਭਾ ਜੀ ਤੇ ਮੰਨਾ ਸਿੰਘ ਬਣ ਕੇ
ਕੁੱਲੀਆਂ ਤੇ ਮਹਿਲਾਂ ਦਾ, ਪਾੜਾ ਨਹੀਂ ਜਿਨ੍ਹਾਂ ਨੂੰ ਜਚਿਆ
ਪ੍ਰਣਾਮ ਹੈ...

ਨੀਵਿਆਂ ਦੇ ਹਾਮੀ ਨੇ, ਠੁੱਡਰ ਉੱਚ ਅਹੁਦੇ ਨੂੰ ਮਾਰੀ
ਨਾਟਕ ਵਿਚ ਨੂਰ ਬਣੇ, ਉਹਨੇ ਰੱਤ ਨਿਚੋੜੀ ਸਾਰੀ
ਤਾਂ ਹੀ ਤਾਂ ਨਾਂ ਉਹਦਾ, ਹਰ ਇਕ ਹਿਰਦੇ ਦੇ ਵਿਚ ਵਸਿਆ
ਪ੍ਰਣਾਮ ਹੈ...

ਸੱਪ ਵਰਗੇ ਰਾਹਾਂ 'ਤੇ ਭਾ ਜੀ ਤੁਰਿਆ ਤੋਰ ਨਿਰਾਲੀ
ਚਾਨਣ ਨੂੰ ਵੰਡਣ ਦੀ ਗੱਲ, ਗਲ ਵਿਚ ਪਾਈ ਰੱਖੀ ਪੰਜਾਲੀ
ਸ਼ੀਸ਼ੇ ਦੇ ਵਰਗਾ ਹੈ, ਜੋ ਕੁਝ ਨਾਲ ਕਲਮ ਦੇ ਰਚਿਆ
ਪ੍ਰਣਾਮ ਹੈ...

ਇਸ ਮਘਦੇ ਸੂਰਜ ਦੀ ਹੁਣ ਵੀ ਤਾਬ ਮੱਠੀ ਨਾ ਪੈਣੀ
ਗੱਲ ਨਵੇਂ ਸਵੇਰੇ ਦੀ, ਕਿਰਨਾਂ ਨੇ ਧਰਤੀ ਨੂੰ ਕਹਿਣੀ
ਤੈਨੂੰ ਪੜ੍ਹਨਾ ਪੀੜ੍ਹੀਆਂ ਨੇ, ਉਹ ਇਤਿਹਾਸ ਦਿਆ ਇਕ ਸਫ਼ਿਆ
ਪ੍ਰਣਾਮ ਹੈ ਪੈਰਾਂ ਨੂੰ ਜਿਨ੍ਹਾਂ ਨੂੰ ਸਫ਼ਰ ਥਕਾ ਨਾ ਸਕਿਆ
ਪ੍ਰਣਾਮ ਹੈ...!

•